# KHALSA PRIMARY SCHOOL
Headteacher: Ms P. K. Sehmi

Volume 5
Issue 31

## Week beginning: 2nd June 2014

***As our newsletters contain pictures of Gurus and Gurdwaras, please treat them with respect.***

### Year 2 SATs week
This week year 2 children will continue their SATs. They have done their Reading tests and will now begin to do their Writing and Maths. Please spend some time with your child and use example papers in the pack that was provided to you in the SATs meeting earlier this year to support them with these tests & tasks.


### Voluntary Contributions
Before the half term break we sent a letter asking parents and carers to contribute a minimum for £20 per child per term. We would like to thank those parents and carers who have already made their contribution. If you have not already done so, we would appreciate it, if you could make your contribution as soon as possible. Thank you for your support and commitment for the children of Khalsa Primary School.

### Summer Mela
As you all are now aware this years summer mela will be held on Saturday 5th July. If you would, or know anyone, that would like to have a stall on the day, please let the office staff know.

### Class Assemblies
Please see below dates of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| Sahibzada Zorawar Singh Ji class (Miss Chatwal) | Friday 13th June |
| Sahibzada Fateh Singh Ji class (Miss Harrid) | Thursday 19th June |
| Nursery class (Mrs Virdee) | Friday 20th June |
| Yr3-Guru Ram Das Ji Class (Miss Birk) | Friday 27th June |
| Yr4-Guru Har Gobind Sahib Ji Class (Mrs Jatana) | Thursday 3rd July |
| Yr3-Guru Amar Das Ji Class (Mrs Kaur) | Friday 4th July |
| Yr4-Guru Arjan Dev Ji Class (Miss Jutla) | Friday 11th July |

### Dates for your diary




| Date | Event |
|---|---|
| **Wednesday 4th June** | **New Nursery Sept 2014 Open Morning @ 9am** |
| Tuesday 10th June | Coffee Morning - E-Safety |
| Wednesday 11th June | New Reception Sept 2014 Open Morning @ 9am |
| Week beginning 16th June | Shhabeel Week |
| Week beginning 30 June | Art & Craft Week |
| Tuesday 1st & Thursday 3rd July | Parents' Meetings |
| Saturday 5th July | Summer Mela |
| Friday 11th July | Sports Day |
| Friday 18th July | End of Summer Term |

### School Meals
Harrisons will be introducing a new system from Monday 16th June, whereby they will be able to monitor which children take a meal each day using a tablet device. This will have many advantages including the following:

- Record those pupils that have registered for a school meal,
- Enable Harrisons and the school to establish an updated list of pupils who are entitled to free meals and those who have paid for a meal,
- Keep records of payments made and those paid and outstanding.

In order for Harrisons to have the most accurate information, we will be sharing your child's details (complying with the Data Protection Policy) with them. With your support, Harrisons will be able to provide you with a better service. Hopefully this will minimise any outstanding payment error you may have experienced in the past.



### Summer Weather & Hay fever




As Summer has arrived and as the days are getting warmer, the season of hay fever is also here. The symptoms of hay fever are; itchy watery eyes, runny nose, sneezing and a slight cough. If your child has these symptoms they still need to attend school - please ensure you have given them a correct dosage of medication before school.

On the warmer and sunnier days, please send your child to school with sunscreen on and also advise them to drink plenty of water throughout the day to keep hydrated.

### Thought of the week
**"One mind is great, multiple minds, better. That's why we are a team, we work well together."**

### ATTENDANCE



Well done to **Guru Amar Das Ji Class** for achieving best attendance for week ending **23/05/2014**.

### GOLDEN RULES
This week's Golden Rule is **'Caring & Sharing.'**

Children who were awarded for **Working Hard** for week ending **23/05/2014:**







**Year 4:**
Guru Hargobind Sahib Ji - Nimran
Guru Arjan Dev Ji - Onkar

**Year 3:**
Guru Ram Das Ji - Sunmeet
Guru Amar Das Ji - Harman

**Year 2:**
Guru Nanak Dev Ji - Jasneet
Guru Angad Dev Ji - Jasveen

**Year 1:**
Sahibzada Ajit Singh Ji - Jiya
Sahibzada Jujhar Singh Ji - Amanpreet

**Reception:**
Sahibzada Fateh Singh Ji - Rashmita
Sahibzada Zorawar Singh Ji - Guneet

Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੦੨ ਜੂਨ ੨੦੧੪

ਵਾਲਿਓਮ ੫, ਇਸ਼ੂ ੩੧

**ਸਾਡੇ ਇਸ ਖ਼ਬਰਨਾਮੇ ਵਿਚ ਗੁਰੂ ਸਾਹਿਬਾਨ ਅਤੇ ਗੁਰਦੁਆਰਾ ਸਾਹਿਬ ਦੀਆਂ ਤਸਵੀਰਾਂ ਹਨ, ਇਸ ਦਾ ਪੂਰਨ ਸਤਿਕਾਰ ਕਰਨਾ ਜੀ।**

### ਦੂਜੀ ਜਮਾਤ ਦੇ SAT ਇਮਤਿਹਾਨਾਂ ਦਾ ਹਫ਼ਤਾ

ਇਸ ਹਫ਼ਤੇ ਦੂਜੀ ਜਮਾਤ ਦੇ ਬੱਚੇ ਆਪਣੇ **SAT ਇਮਤਿਹਾਨ** ਦੇਣੇ ਜਾਰੀ ਰਖਣਗੇ । ਉਨ੍ਹਾਂ ਨੇ ਪੜਨ ਦੇ ਟੈਸਟ ਪੂਰੇ ਕਰ ਲਏ ਹਨ । ਲਿਖਣ ਅਤੇ ਗਣਿਤ ਦੇ ਟੈਸਟ ਹੁਣ ਸ਼ੁਰੂ ਕਰਨਗੇ ।ਕਿਰਪਾ ਕਰਕੇ ਆਪਣੇ ਬੱਚਿਆਂ ਨਾਲ ਉਦਾਹਰਣ ਲਈ ਕੁਝ ਵਕਤ ਉਹ ਅਭਿਆਸ ਪੇਪਰ ਵਰਤਣ ਵਿਚ ਗੁਜ਼ਾਰਨਾ ਜਿਹੜੇ ਕਿ ਆਪ ਜੀ ਨੂੰ ਕੁਝ ਸਮਾਂ ਪਹਿਲਾਂ ਇਸ ਸਾਲ ਦੇ ਅਰੰਭ ਵਿਚ SAT ਮੁਲਾਕਾਤ ਵਿਚ ਇਕ ਪੈਕ ਵਿਚ ਦਿੱਤੇ ਗਏ ਸਨ।

### ਸਵੈਇਛਤ ਯੋਗਦਾਨ

ਹਾਫ਼ ਟਰਮ ਦੀਆਂ ਛੁੱਟੀਆਂ ਤੋਂ ਪਹਿਲਾਂ ਅਸੀਂ ਆਪ ਜੀ ਨੂੰ ਚਿੱਠੀ ਰਾਹੀਂ ਸਨਿਮਰ ਬੇਨਤੀ ਕੀਤੀ ਸੀ ਕਿ ਕਿਰਪਾ ਕਰਕੇ ਹਰ ਟਰਮ ਵਿਚ ਆਪ ਜੀ ਹਰ ਬੱਚੇ ਲਈ ਘੱਟੋ ਘੱਟ ੨੦ ਪਾਊਂਡ ਸਕੂਲ ਨੂੰ ਭੇਟਾ ਕਰਨੇ ਜੀ।ਜੇਕਰ ਤੁਸੀਂ ਹਾਲੇ ਤੱਕ ਸਕੂਲ ਨੂੰ ਇਹ ਭੇਟਾ ਨਹੀਂ ਕੀਤੀ, ਤਾਂ ਕਿਰਪਾ ਕਰਕੇ ਕਰਨੀ ਜੀ ਕਿਉਂਕਿ ਇਸ ਰਾਹੀਂ ਅਸੀਂ ਤੁਹਾਡੇ ਬੱਚੇ ਦੀ ਸਿਖਿਆ ਨੂੰ ਚਲਦੇ ਰੱਖਣ ਲਈ ਵੱਧ ਤੋਂ ਵੱਧ ਯਤਨ ਕਰ ਸਕਦੇ ਹਾਂ।ਤੁਹਾਡੇ ਸਹਿਯੋਗ ਲਈ ਧਨਵਾਦ ਹੈ ਜੀ।


### ਗਰਮੀਆਂ ਦਾ ਮੇਲਾ

ਇਸ ਸਾਲ ਦਾ ਗਰਮੀਆਂ ਦਾ ਮੇਲਾ ਸਨਿਚਰਵਾਰ ੫ ਜੁਲਾਈ ਨੂੰ ਲਗਾਇਆ ਜਾਵੇਗਾ ।ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਕਿ ਇਸ ਮੇਲੇ ਵਿਚ ਸਟਾਲ ਲਗਾਉਣਾ ਚਾਹੁੰਦਾ ਹੋਵੇ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਨੂੰ ਸੂਚਿਤ ਕਰਨਾ ਜੀ।

### ਜਮਾਤੀ ਸਭਾਵਾਂ

ਇਸ ਹਾਫ਼ ਟਰਮ ਦੀਆਂ ਸਭਾਵਾਂ ਦੀਆਂ ਤਾਰੀਖ਼ਾਂ ਹੇਠਾਂ ਵੇਖਣਾ ਜੀ। ਅਸੀਂ ਮਾਪਿਆਂ ਅਤੇ ਗਵਰਨਰ ਸਾਹਿਬਾਨ ਨੂੰ ਬਚਿੱਆਂ ਦੀ ਪੇਸ਼ਕਾਰੀ ਦੇਖਣ ਲਈ ਨਿੱਘਾ ਸੱਦਾ ਦਿੰਦੇ ਹਾਂ।ਸਭਾਵਾਂ ਸਵੇਰੇ ੮.੫੦ ਤੇ ਅਰੰਭ ਹੋਣਗੀਆਂ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| ਜਮਾਤ | ਤਾਰੀਖ਼ |
|---|---|
| ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ (ਮਿਸ ਚਟਵਾਲ) | ਸ਼ੁਕਰਵਾਰ ੧੩ ਜੂਨ |
| ਸਾਹਿਬਜ਼ਾਦਾ ਫਤਿਹ ਸਿੰਘ ਜੀ (ਮਿਸ ਹੈਰਿਡ) | ਵਿਰਵਾਰ ੧੯ ਮਈ |
| ਨਰਸਰੀ (ਮਿਸਿਜ਼ ਵਿਰਦੀ) | ਸ਼ੁਕਰਵਾਰ ੨੦ ਜੂਨ |
| ਤੀਜੀ ਜਮਾਤ-ਗੁਰੂ ਰਾਮ ਦਾਸ ਜੀ ਜਮਾਤ (ਮਿਸ ਬਰਕ) | ਸ਼ੁਕਰਵਾਰ ੨੭ ਜੂਨ |
| ਜਮਾਤ ਚੌਥੀ ਗੁਰੂ ਹਰਗੋਬਿੰਦ ਸਾਹਿਬ ਜੀ (ਮਿਸਿਜ਼ ਜਟਾਨਾ) | ਵਿਰਵਾਰ ੦੩ ਜੁਲਾਈ |
| ਤੀਜੀ ਜਮਾਤ-ਗੁਰੂ ਅਮਰ ਦਾਸ ਜੀ ਜਮਾਤ (ਮਿਸਿਜ਼ ਕੌਰ) | ਸ਼ੁਕਰਵਾਰ ੦੪ ਜੁਲਾਈ |
| ਜਮਾਤ ਚੌਥੀ ਗੁਰੂ ਅਰਜਨ ਦੇਵ ਜੀ (ਮਿਸ ਜੁਟਲਾ) | ਸ਼ੁਕਰਵਾਰ ੧੧ ਜੁਲਾਈ |




### ਡਾਇਰੀ ਲਈ ਤਾਰੀਖ਼ਾਂ

| ਤਾਰੀਖ਼ | ਮੌਕਾ |
|---|---|
| **ਬੁੱਧਵਾਰ ੪ ਜੂਨ** | **ਸਿਤੰਬਰ ੨੦੧੪ ਦੀ ਨਰਸਰੀ ਲਈ ਓਪਨ ਸਵੇਰ, ਸਵੇਰੇ ੯ ਵਜੇ** |
| ਮੰਗਲਵਾਰ ੧੦ ਜੂਨ | ਕਾਫ਼ੀ ਸਵੇਰ-ਈ ਸੁਰਖਿਆ |
| ਬੁੱਧਵਾਰ ੧੧ ਜੂਨ | ਸਿਤੰਬਰ ੨੦੧੪ ਦੀ ਰਿਸੈਪਸ਼ਨ ਲਈ ਓਪਨ ਸਵੇਰ ਸਵੇਰੇ ੯ ਵਜੇ |
| ਹਫ਼ਤਾ ਅਰੰਭ-ਸੋਮਵਾਰ ੧੬ ਜੂਨ | ਛਬੀਲ ਦਾ ਹਫ਼ਤਾ |
| ਹਫ਼ਤਾ ਅਰੰਭ-ਸੋਮਵਾਰ ੩੦ ਜੂਨ | ਕਲਾ ਅਤੇ ਸ਼ਿਲਪਕਾਰੀ ਦਾ ਹਫ਼ਤਾ |
| ਮੰਗਲਵਾਰ ੧ ਅਤੇ ਵੀਰਵਾਰ ੩ ਜੁਲਾਈ | ਮਾਪਿਆਂ ਦੀਆਂ ਮੁਲਾਕਾਤਾਂ |
| ਸ਼ਨਿਚਰਵਾਰ ੫ ਜੁਲਾਈ | ਗਰਮੀਆਂ ਦਾ ਮੇਲਾ |
| ਸ਼ੁਕਰਵਾਰ ੧੧ ਜੁਲਾਈ | ਖੇਡਾਂ ਦਾ ਦਿਨ |
| ਸ਼ੁਕਰਵਾਰ ੧੮ ਜੁਲਾਈ | ਗਰਮੀਆਂ ਦੀ ਟਰਮ ਦਾ ਆਖਰੀ ਦਿਨ |

### ਸਕੂਲ ਦਾ ਭੋਜਨ

ਹੈਰੀਸਨ ਸੋਮਵਾਰ ੧੬ ਜੂਨ ਤੋਂ ਇਕ ਨਵਾਂ ਢੰਗ ਅਪਣਾ ਰਿਹਾ ਹੈ ਜਿਸ ਮੁਤਾਬਕ ਇਹ ਪਰਖਿਆ ਜਾ ਸਕੇਗਾ ਕਿ ਕਿਹੜਾ ਬੱਚਾ ਮੇਜ਼ ਦੀ ਵਰਤੋਂ ਰਾਹੀਂ ਹਰ ਭੋਜਨ ਕਰਦਾ ਹੈ । ਹੇਠ ਲਿਖਿਆਂ ਸਮੇਤ ਇਸ ਦੇ ਕਈ ਲਾਭ ਹੋਣਗੇ:

- ਸਕੂਲ ਦੇ ਭੋਜਨ ਲਈ ਰਜਿਸਰਟ ਹੋਏ ਬਚਿੱਆਂ ਦਾ ਰਿਕਾਰਡ
- ਹੈਰੀਸਨ ਅਤੇ ਸਕੂਲ ਮਿਲ ਕੇ ਉਨ੍ਹਾਂ ਬਚਿੱਆਂ ਦੀ ਸੂਚੀ ਬਣਾ ਸਕਣਗੇ ਜਿਹੜੇ ਮੁਫ਼ਤ ਭੋਜਨ ਲਈ ਯੋਗ ਹਨ ਅਤੇ ਜਿਹੜੇ ਭੋਜਨ ਲਈ ਧਨ ਦਿੰਦੇ ਹਨ
- ਭੁਗਤਾਨ ਕੀਤੀ ਗਈ ਅਤੇ ਭੁਗਤਾਨ ਕਰਨ ਵਾਲੀ ਰਾਸ਼ੀ ਦਾ ਰਿਕਾਰਡ

ਉਨ੍ਹਾਂ ਦਾ ਰਿਕਾਰਡ ਵੱਧ ਤੋਂ ਵੱਧ ਸਹੀ ਰਖਿਆ ਜਾ ਸਕੇ ਇਸ ਲਈ ਅਸੀਂ ਤੁਹਾਡੇ ਬੱਚੇ ਦੇ ਵੇਰਵੇ ( ਡੈਟਾ ਪਰੋਟੈਕਸ਼ਨ ਪਾਲਿਸੀ ਦੇ ਅਨੁਕੂਲ) ਉਨ੍ਹਾਂ ਨਾਲ ਸਾਂਝੇ ਕਰਾਂਗੇ, ਤਾਂ ਜੋ ਹੈਰੀਸਨ ਸਕੂਲ ਨੂੰ ਅਤੇ ਤੁਹਾਨੂੰ ਵੱਧ ਤੋਂ ਵੱਧ ਚੰਗੀ ਸੇਵਾ ਦੇ ਸਕੇ।ਅਸੀਂ ਉਮੀਦ ਕਰਦੇ ਹਾਂ ਕਿ ਇਵੇਂ ਕਰਨ ਨਾਲ ਭੁਗਤਾਨ ਕਰਨ ਵਾਲੀ ਰਾਸ਼ੀ ਬਾਰੇ ਘੱਟ ਪਰੇਸ਼ਾਨੀ ਹੋਵੇਗੀ, ਜਿਹੜੀ ਕਿ ਸ਼ਇਦ ਤੁਹਾਨੂੰ ਬੀਤੇ ਸਮੇਂ ਵਿਚ ਝਲਣੀ ਪਈ ਹੋਵੇ।



### ਗਰਮੀਆਂ ਦਾ ਮੌਸਮ ਅਤੇ ਹੇ ਬੁਖਾਰ



ਜਿਵੇਂ ਹੀ ਗਰਮੀਆਂ ਦੀ ਰੁੱਤ ਅਰੰਭ ਹੋਈ ਹੈ, ਦਿਨ ਨਿੱਘੇ ਹੋ ਰਹੇ ਹਨ ਅਤੇ ਨਾਲ ਹੀ ਹੇ ਬੁਖਾਰ ਦਾ ਮੌਸਮ ਵੀ ਆ ਰਿਹਾ ਹੈ।ਹੇ ਬੁਖਾਰ ਦੇ ਲੱਛਣ ਹਨ; ਖਾਰਿਸ਼ ਹੁੰਦੀਆਂ ਚੋਂਦੀਆਂ ਅੱਖਾਂ, ਵਗਦਾ ਨੱਕ, ਛਿੱਕਾਂ ਅਤੇ ਹਲਕੀ ਖੰਘ।ਜੇਕਰ ਤੁਹਾਡੇ ਬੱਚੇ ਵਿਚ ਇਹ ਲੱਛਣ ਦਿਸਦੇ ਹਨ ਤਾਂ ਵੀ ਉਸਨੇ ਸਕੂਲ ਆਉਣਾ ਹੈ-ਕਿਰਪਾ ਕਰਕੇ ਨੋਟ ਕਰਨਾ ਕਿ ਤੁਸੀਂ ਆਪਣੇ ਬੱਚੇ ਨੂੰ ਸਕੂਲ ਆਉਣ ਤੋਂ ਪਹਿਲਾਂ ਦਵਾਈ ਠੀਕ ਮਾਤਰਾ ਵਿਚ ਦੇ ਦਿਓ। ਨਿੱਘੇ ਅਤੇ ਧੁੱਪ ਵਾਲੇ ਦਿਨਾਂ ਵਿਚ ਕਿਰਪਾ ਕਰਕੇ ਆਪਣੇ ਬਚਿੱਆਂ ਦੇ ਸਨਸਕਰੀਨ ਲਾ ਕੇ ਭੇਜਣਾ ਜੀ ਅਤੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਸਲਾਹ ਦੇਣੀ ਕਿ ਉਹ ਸਾਰਾ ਦਿਨ ਰਜਵਾਂ ਪਾਣੀ ਪੀਣ ਤਾਂ ਜੋ ਉਨ੍ਹਾਂ ਦੇ ਸਰੀਰ ਵਿਚ ਪਾਣੀ ਦੀ ਕਮੀ ਨਾ ਹੋਵੇ।

### ਇਸ ਹਫ਼ਤੇ ਦਾ ਵਿਚਾਰ

**"ਇਕ ਮਨ ਮਹਾਨ ਹੁੰਦਾ ਹੈ,ਬਹੁਤੇ ਮਨ ਬਿਹਤਰ ਹੁੰਦੇ ਹਨ। ਇਸੇ ਕਰਕੇ ਅਸੀਂ ਇਕੱਠੇ ਇਕ ਟੀਮ ਵਜੋਂ ਕੰਮ ਕਰਦੇ ਹਾਂ।**

### ਹਾਜ਼ਰੀ



**੨੪/੦੫/੨੦੧੪** ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਮਰਦਾਸ ਜੀ ਜਮਾਤ** ਨੂੰ ਸ਼ਾਬਾਸ਼ ਹੇ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਵੰਡ ਛਕਣਾ** ਹੈ।ਬੱਚੇ ਜਿਨ੍ਹਾਂ ਨੂੰ **੨੪/੦੫/੨੦੧੪** ਨੂੰ ਸਮਾਪਤ ਹੋਏ ਹਫ਼ਤੇ **ਕਿਰਤ ਕਰਨੀ** ਲਈ ਸਤਿਕਾਰਤ ਕੀਤਾ ਜਾਂਦਾ ਹੈ:







**ਚੋਥੀ ਜਮਾਤ:**

ਗੁਰੂ ਹਰਗੋਬਿੰਦ ਸਾਹਿਬ ਜੀ – ਨਿਮਰਨ

ਗੁਰੂ ਅਰਜਨ ਦੇਵ ਜੀ – ਓਂਕਾਰ

**ਤੀਜੀ ਜਮਾਤ:**

ਗੁਰੂ ਰਾਮਦਾਸ ਜੀ – ਸਨਮੀਤ

ਗੁਰੂ ਅਮਰਦਾਸ ਜੀ – ਹਰਮਨ

**ਦੂਜੀ ਜਮਾਤ:**

ਗੁਰੂ ਨਾਨਕ ਦੇਵ ਜੀ – ਜਸਨੀਤ

ਗੁਰੂ ਅੰਗਦ ਦੇਵ ਜੀ – ਜਸਵੀਨ

**ਪਹਿਲੀ ਜਮਾਤ:**

ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ – ਜੀਆ

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ – ਅਮਨਪ੍ਰੀਤ

**ਰਿਸੈਪਸ਼ਨ**

ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਰਸ਼ਮੀਤਾ

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਗੁਨੀਤ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk